# ਝਲਕੀਆਂ ਜਨਮ-ਦਿਵਸ, ਦਸੰਬਰ 2020

**ਕਰੋਨਾ ਸੰਕਟ ਦੇ ਚਲਦਿਆਂ ਸੰਤ-ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ 148ਵੇਂ ਜਨਮ-ਦਿਵਸ ਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਆਨਲਾਈਨ ਆਯੋਜਿਤ ਕੀਤਾ ਗਿਆ। ਇੱਥੇ ਅਸੀਂ ਤਸਵੀਰਾਂ ਰਾਹੀਂ ਜਨਮ-ਦਿਵਸ ਦੀਆਂ ਪ੍ਰਮੁੱਖ ਝਲਕੀਆਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।**




**ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਸੰਗਤਾਂ ਨੂੰ ਮੁੱਢਲੇ ਸ਼ਬਦ ਕਹਿੰਦੇ ਹੋਏ।**




**ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ।**




**ਰਾਗੀ ਭਾਈ ਕੁਲਤਾਰ ਸਿੰਘ ਦਾ ਜਥਾ ਅਕਾਲੀ ਬਾਣੀ ਦਾ ਰਸਭਿੰਨਾ ਕੀਰਤਨ ਕਰਦਾ ਹੋਇਆ।**




**ਸਿੱਖ ਰਿਸਰਚ ਇੰਸਟੀਟਿਊਟ, ਅਮਰੀਕਾ ਦੇ ਸਹਿ-ਸੰਸਥਾਪਕ ਅਤੇ ਸੀਨੀਅਰ ਫੈਲੋ ਸ. ਹਰਿੰਦਰ ਸਿੰਘ ਭਾਈ ਵੀਰ ਸਿੰਘ ਦੀ ਦੇਣ ਨੂੰ ਬਿਆਨ ਕਰਦੇ ਹੋਏ।**



**ਸਰਦਾਰਨੀ ਸਿਮਲ ਜੋਗਿੰਦਰ ਸਿੰਘ ਗੁਰੂ ਨਾਨਕ ਚਮਤਕਾਰ 'ਚੋਂ ਸ਼ੀਹਾਂ-ਉੱਪਲ ਦੀ ਸਾਖੀ ਭਾਈ ਸਾਹਿਬ ਦੇ ਸੰਦੇਸ਼ ਰੂਪ 'ਚ ਪੜ੍ਹਦੇ ਹੋਏ।**



**ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਭਾਈ ਸਾਹਿਬ ਦੀ ਕਵਿਤਾ 'ਧੰਨ ਗੁਰੂ ਨਾਨਕ ਤੂੰ' ਦਾ ਗਾਇਨ ਕਰਦੇ ਹੋਏ।**

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਦਾ 148ਵਾਂ ਜਨਮ-ਦਿਵਸ ਮਨਾਇਆ ਗਿਆ

ਨਵੀਂ ਦਿੱਲੀ, 5 ਦਸੰਬਰ : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਾਈ ਸਾਹਿਬ ਦਾ 148ਵਾਂ ਜਨਮ-ਦਿਵਸ ਕਰੋਨਾ ਸੰਕਟ ਦੇ ਚਲਦਿਆਂ ਆਨਲਾਈਨ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸੰਗਤਾਂ ਨੂੰ ਭਾਈ ਸਾਹਿਬ ਦੇ 148ਵੇਂ ਜਨਮ-ਦਿਵਸ ਦੀ ਵਧਾਈ ਦਿੰਦਿਆਂ ਇਸ ਦਾ ਬਾਖ਼ੂਬੀ ਸੰਚਾਲਨ ਕੀਤਾ। ਆਰੰਭ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਵੱਲੋਂ ਸਹਿਜ ਪਾਠ ਦੇ ਭੋਗ ਤੋਂ ਬਾਅਦ ਕੀਰਤਨ ਤੇ ਨਾਮ-ਸਿਮਰਨ ਕੀਤਾ ਗਿਆ। ਇਸ ਤੋਂ ਬਾਅਦ ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹਿਆ। ਉਪਰੰਤ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕੀਤਾ। ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਤਾਰ ਸਿੰਘ ਦੇ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਸਿੱਖ ਕੌਮ ਦੇ ਪ੍ਰਬੁੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਕਥਾ-ਵਿਆਖਿਆ ਰਾਹੀਂ ਭਾਈ ਸਾਹਿਬ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਅਨੁਸਾਰ ਗੁਰਬਾਣੀ ਦੀ ਬਹੁਵਿਧ ਸਾਹਿਤ ਰੂਪਾਂ 'ਚ ਵਿਆਖਿਆ ਕਰਦੀਆਂ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੇ ਉਸ ਸਮੇਂ ਕਈਆਂ ਦੇ ਜੀਵਨ 'ਚ ਤਬਦੀਲੀ ਲਿਆਂਦੀ ਤੇ ਅੱਜ ਵੀ ਸਾਨੂੰ ਬਹੁਤ ਲੋੜ ਹੈ ਕਿ ਅਸੀਂ ਭਾਈ ਸਾਹਿਬ ਦੀਆਂ ਲਿਖਤਾਂ ਨੂੰ ਪੜ੍ਹੀਏ-ਵਾਚੀਏ ਤਾਂ ਜੋ ਕੌਮੀ ਵਿਕਾਸ ਠੀਕ ਲੀਹਾਂ ਤੇ ਤੁਰ ਸਕੇ। ਇਸ ਤੋਂ ਬਾਅਦ ਸਿੱਖ ਰਿਸਰਚ ਇੰਸਟੀਟਿਊਟ, ਅਮਰੀਕਾ ਦੇ ਸਹਿ-ਸੰਸਥਾਪਕ ਅਤੇ ਸੀਨੀਅਰ ਫੈਲੋ ਸ. ਹਰਿੰਦਰ ਸਿੰਘ ਨੇ ਭਾਈ ਸਾਹਿਬ ਦੀ ਤਤਕਾਲੀ ਦੇਣ ਨੂੰ ਉਜਾਗਰ ਕਰਦਿਆਂ ਕਿਹਾ ਕਿ ਉਹਨਾਂ ਉਸ ਵੇਲੇ ਨਿਘਾਰ ਦੀ ਅਵਸਥਾ ਵਲ ਜਾ ਰਹੇ ਸਮਾਜ ਨੂੰ ਉਸਦੀ ਭਾਸ਼ਾ ਤੇ ਵਿਰਸੇ ਨਾਲ ਜੋੜਦਿਆਂ ਉਹਨਾਂ ਸਮੱਸਿਆਵਾਂ ਦੇ ਜੋ ਹਲ ਸੁਝਾਏ, ਉਹ ਅੱਜ ਵੀ ਪ੍ਰਸੰਗਿਕ ਹਨ। ਪੁਰਾਤਨ ਨੂੰ ਨਵੀਨ ਨਾਲ ਜੋੜਨ ਵਾਲੇ ਭਾਈ ਵੀਰ ਸਿੰਘ ਨੇ ਸਮਾਜ 'ਚ ਵਿਰਸੇ ਦੀ ਜਾਗ ਲਾਉਣ ਦਾ ਕੰਮ ਸਾਹਿਤ ਦੇ ਬਹੁਵਿਧ ਰੂਪਾਂ 'ਚ ਭਾਸ਼ਾ ਦੀ ਪ੍ਰਬੀਨਤਾ ਨਾਲ ਕੀਤਾ ਜਿਸ ਸਦਕਾ ਸਮਾਜ ਵਿਚ ਜਾਗ੍ਰਤੀ ਆਈ ਤੇ ਹਰ ਵਰਗ ਤੇ ਇਹਨਾਂ ਲਿਖਤਾਂ ਦਾ ਅਸਰ ਹੋਇਆ ਜਿਸ ਸਦਕਾ ਕੌਮੀ ਵਿਕਾਸ ਨੇ ਗਤੀ ਫੜੀ। ਇਸ ਤੋਂ ਬਾਅਦ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਸਾਹਿਬ ਦੀ ਅਧਿਆਤਮਕ ਦੇਣ ਨੂੰ ਚਿਤਵਦਿਆਂ ਅਤੇ ਕਰੋਨਾ ਸੰਕਟ ਵੇਲੇ ਸਦਨ ਵੱਲੋਂ ਕੀਤੇ ਇਸ ਆਨਲਾਈਨ ਪ੍ਰੋਗਰਾਮ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਸਦਨ ਦੀਆਂ ਪ੍ਰਕਾਸ਼ਨਾਵਾਂ ਅਤੇ **ਖਾਲਸਾ ਸਮਾਚਾਰ** ਦੇ ਵਿਸ਼ੇਸ਼ ਅੰਕ ਦਾ ਲੋਕ-ਅਰਪਨ ਕੀਤਾ। ਅਖ਼ੀਰ 'ਚ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਨੇ ਅਨੰਦ ਸਾਹਿਬ ਦਾ ਪਾਠ ਕੀਤਾ। ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ ਸਦਨ ਦੇ ਸਟਾਫ਼ ਨੇ ਮਿਲ ਕੇ ਨਾਮ-ਸਿਮਰਨ ਕੀਤਾ ਅਤੇ ਲੰਗਰ ਛਕਿਆ। ਇਸ ਮੌਕੇ ਦੇ ਸ਼ਾਂ-ਵਿਦੇਸ਼ਾਂ 'ਚ ਬੈਠੀਆਂ ਸੰਗਤਾਂ ਨੇ ਇਸ ਆਨਲਾਈਨ ਪ੍ਰੋਗਰਾਮ ਦਾ ਲਾਹਾ ਲੈਂਦਿਆਂ ਇਸਦਾ ਭਰਪੂਰ ਆਨੰਦ ਮਾਣਿਆ। ✧✧




**ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਗੁਰਬਾਣੀ ਦੀ ਰੌਸ਼ਨੀ 'ਚ ਭਾਈ ਵੀਰ ਸਿੰਘ ਜੀ ਦੀ ਪੰਥਕ ਦੇਣ ਨੂੰ ਉਜਾਗਰ ਕਰਦੇ ਹੋਏ।**




**ਸਰਦਾਰਨੀ ਗੁਰਸ਼ਰਨ ਕੌਰ, ਡਾ. ਮਹਿੰਦਰ ਸਿੰਘ ਦੀ ਚਿੱਤਰ-ਪੁਸਤਕ 'ਗੁਰੂ ਨਾਨਕ : ਲਾਈਫ਼ ਐਂਡ ਲੈਗੇਸੀ' ਦਾ ਲੋਕ-ਅਰਪਨ ਕਰਦੇ ਹੋਏ।**